ਪੀਪਿਆਂ 'ਚ 'ਸੂਰਮਿਆਂ' ਦੀ ਹਾਜਤ ਤੇ ਮਲਮੂਤਰ ਨੂੰ ਦਿਖਾਇਆ ਤਾਂ ਸਿੱਖ ਵਿਰਾਸਤ ਦੂਸਰੀ ਵਾਰ ਸਾਡੇ ਆਪਣਿਆ ਦੇ ਹੀ ਪੈਰਾਂ ਹੇਠ ਲਿਤਾੜੀ ਗਈ।

ਬੁੱਧੀਜੀਵੀਆਂ, ਕਲਾਕਾਰਾਂ ਦੀ ਤਰਕਸ਼ੀਲਤ ਨੂੰ ਵਰਦੀਧਾਰੀਆਂ ਦਆਂ ਸੰਗੀਨਾਂ ਤੇ ਲਿਬਾਸਧਰੀਆਂ ਦੀਆਂ ਸੰਗੀਨਾਂ ਚੁੱਪ ਕਰਵਾਉਣ ਲੱਗੀਆਂ। ਚਾਹੇ ਉਹ ਜਸਵੰਤ ਸਿੰਘ ਖਾਲੜਾ ਹੋਵੇ, ਰਵਿੰਦਰ ਰਵੀ ਹੋਵੇ। ਅਵਤਾਰ ਪਾਸ਼ ਹੋਵੇ, ਸੇਵੇਵਾਲਾ ਕਾਂਡ ਦੇ ਇਨਕਲਾਬੀ ਹੋਣ ਜਾਂ ਨਛੱਤਰ ਸਿੰਘ ਧਾਲੀਵਾਲ ਹੋਵੇ। ਅਸੀਂ ਪੰਜਾਬ ਦਾ ਸੋਨਾ ਗੁਆ ਕੇ ਪਿੱਤਲਾਂ ਨੂੰ ਚਮਕਾਉਣ ਰਹੇ ਤਾਂ ਸਿ ਦੀ ਸਜ਼ਾ ਪੰਜਾਬੀਅਤ ਨੂੰ ਹੀ ਮਿਲਦੀ ਸੀ। ਅਸੀਂ ਇਤਿਹਾਸ ਦੀ ਇਸ ਮਾਰ ਤੋਂ ਕੋਈ ਸਬਕ ਨਹੀਂ ਸਿੱਖਿਆ। ਉਨ੍ਹਾਂ ਚੇਹਰਿਆਂ ਨੂੰ ਅਸੀਂ ਅੱਜ ਵੀ ਕੌਮ ਦੇ ਰਹਿਨੁਮਾ ਮੰਨੀ ਬੈਠੇ ਹਾਂ। ਧਰਮੀ ਫੌਜੀਆਂ ਦਾ ਧਰਮ ਸਾਨੂੰ ਵਿਸਰ ਗਿਆ। ਪੰਜਾਬ ਨੂੰ ਪਾਣੀਆਂ ਤੋਂ ਵਿਰਵਾ ਕਰਕੇ ਰੀਪੇਰੀਅਨ ਲਾਣ ਤੋਂ ਪਾਸੇ ਰੱਖ ਕੇ ਮਨਸੂਈ ਸਾਧਨਾਂ ਨਾਲ ਪੰਜਾਬ ਦੀ ਖੁੱਲ੍ਹ ਲਹਿੰਦੀ ਅਜੇ ਵੀ ਨਜ਼ਰ ਨਹੀਂ ਆਉਂਦੀ। ਕਪੂਰੀ ਨਹਿਰ ਤੋਂ ਲੱਗਾ ਮੋਰਚਾ ਰੇਤ ਦਾ ਮਹਿਲ ਸਿੱਧ ਹੋਇਆ ਤੇ ਐਸ ਵਾਈ ਐਨ ਨਹਿਰ ਭਾਰਤ-ਪਾਕਿ ਦੀ ਸਰਹੱਦ ਵਾਂਗ ਪੰਜਾਬ ਦੀ ਹਿੱਕ 'ਤੇ ਪੁੱਟੀ ਹੋਈ ਹੈ। ਇਹ ਵੱਖਰੀ ਗੱਲ ਐ ਕਿ ਉਸ ਵਿਚ ਬਾਵੇਂ ਘਾਹ ਉੱਗ ਆਇਐ ਪਰ ਉਸ ਦੀ ਹੋਂਦ ਤਾਂ ਕਾਇਮ ਹੈ। ਪਰ ਇਹ ਨਹਿਰ ਨੂੰ ਪੂਰਨ ਲਈ ਕਿਸੇ ਪੰਥਕ ਆਗੂ ਨੇ ਘੀਸੀ ਕਰਨ ਜੋਗੀ ਮਿੱਟੀ ਦੀ ਮੁੱਠ ਵੀ ਨਹੀਂ ਸੁੱਟੀ। ਦਰਬਾਰ ਸਾਹਿਬ ਦੇ ਸਾਕਾ ਨੀਲਾ ਤਾਰਾ ਵਾਪਰੇ ਨੂੰ ਕੁਝ ਵਰ੍ਹੇ ਹੀ ਬੀਤੇ ਸਨ। ਕਿ ਪ੍ਰਬੰਧਕ ਕਮੇਟੀ ਨੂੰ ਉਸ ਸਮੇਂ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਤੇ ਤੋਸ਼ੇਖਾਨਾ ਦਾ, ਅਜਾਇਬ ਘਰ ਵਿਚੋਂ ਚੁੱਕਿਆ ਗਿਆ ਇਤਿਹਾਸਿਕ ਵਿਰਸਾ ਕੋਹੇਨੂਰ ਹੀਰੇ ਵਾਂਗ ਅਜੇ ਤੱਕ ਨਹੀਂ ਮਿਲਿਆ। ਪਰ ਇਸ ਦੇ ਫ਼ਿਕਰ ਨਾਲੋਂ ਕਮੇਟੀ ਨੂੰ ਫੌਜ ਦੇ ਕੀਤੇ ਗਏ ਜ਼ਬਰ ਦੀਆਂ ਨਿਸ਼ਾਨੀਆਂ ਮਿਟਾਉਣ ਦਾ ਫਿਕਰ ਵੱਧੇਰੇ ਰਿਹਾ। ਦਰਬਾਰ ਸਹਿਬ ਦੇ ਅਜਾਇਬ ਘਰ ਵਾਲੇ ਪਾਸੇ ਤੋਂ ਜਲਿਆ ਵਾਲੇ ਬਾਗ ਦਾ ਫਾਸਲਾ ਸੌ ਮੀਟਰ ਤੋਂ ਵੀ ਘੱਟ ਹੋਵੇਗਾ। ਉਥੇ 1919 ਈਸਵੀ ਦੀ ਵਿਸਾਖੀ ਵਾਲੇ ਦਿਨ ਜਨਰਲ ਡਾਇਰ ਦੀਆਂ ਚਲਾਈਆਂ ਗੋਲੀਆਂ ਦੇ ਨਿਸ਼ਾਨ ਅਜੇ ਤੱਕ ਪਲੇਟਾਂ ਲਗਾ ਕੇ ਸਾਂਭੇ ਹੋਏ ਹਨ। ਏਧਰ ਸਾਡੇ ਪੰਥਕ 'ਰਹਿਬਰਾਂ' ਨੇ ਉਹ ਸਾਰੇ ਨਿਸ਼ਾਨ ਮਿਟਾ ਦਿੱਤੇ। ਅੰਦਰ ਆਏ ਟੈਂਕਾਂ ਦੀ ਦਾਬ ਨਾਲ ਟੁੱਟੀਆਂ ਸੰਗਮਰਮਰੀ ਸਲੈਬਾਂ ਬਦਲ ਦਿੱਤੀਆਂ ਗਈਆਂ। ਰਾਮਗੜ੍ਹੀਆ ਦੇ ਬੁੰਗਿਆਂ ਦੀ ਦਿੱਖ ਹੀ ਬਦਲ ਦਿੱਤੀ ਗਈ ਜਦ ਕਿ ਆਪਾਂ ਸਾਰੇ ਸਾਕਾ ਨੀਲਾ ਤਰਾ ਦੀ ਸਕਸ ਨੂੰ ਮਹਿਸੂਸ ਕਰ ਰਹੇ ਹਾਂ ਤਾਂ ਘੱਟੋ-ਘੱਟ ਇਨ੍ਹਾਂ ਹਕੀਕਤਾਂ 'ਤੇ ਝਾਤ ਮਾਰਦੇ ਹੋਏ ਇਹ ਜ਼ਰੂਰ ਸੋਚਿਓ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਪਿੱਛੋਂ ਹੀ ਅਕਾਲ ਤਖ਼ਤ ਦੀ ਸਿਰਜਣਾ ਹੋਂਦ ਵਿਚ ਆਈ। ਅਸੀਂ ਗੁਰੂ ਵਾਲਿਆਂ ਨੇ ਸਾਕਾ 'ਨੀਲਾ ਤਾਰਾ' ਦੌਰਾਨ ਅਕਾਲ ਤਖ਼ਤ ਸ਼ਹੀਦ ਕਰਵਾ ਕੇ ਹੀ ਸਿਰਜਿਆ ਹੈ? ਕੀ ਗੁਰੂ ਸਾਹਿਬ ਦਾ ਫਲਸਫਾ ਬੁਲੰਦ ਹੋਇਐ? ਮੰਨ ਲੈਂਦੇ ਹਾਂ ਕਿ ਅਕਾਲ ਤਖ਼ਤ ਫੌਜ ਦਾ ਨਿਸ਼ਾਨਾ ਸੀ। ਪਰ ਰਾਮਗੜ੍ਹੀਆ ਦੇ ਬੁੰਗਿਆਂ ਕੀ ਹੋਇਆ ਸੀ? ਗੁਰੂ ਸਹਿਬ ਦੀ ਕੱਚੀ ਗੜ੍ਹੀ ਕਾਰ ਸੇਵਾ ਵਾਲੇ ਬਾਬੇ ਬਾਬਿਆਂ ਨੇ ਮਿਟਾ ਦਿੱਤੀ। ਹੁਣ ਏਹੀ ਹਸ਼ਰ ਟੋਡਰ ਮੱਲ ਦੀ ਹਵੇਲੀ ਦਾ ਹੋਣੀ ਹੈ। ਕੀ ਅਸੀਂ ਇੰਝ ਹੀ ਦੇਖੀ ਜਾਵਾਂਗੇ? ਜਿਹੜੇ ਨਿਰਦੋਸ਼ ਬਜ਼ੁਰਗ ਔਰਤਾਂ ਤੇ ਬੱਚੇ ਸਾਕਾ ਨੀਲਾ ਤਾਰਾ ਦੌਰਾਨ ਸ਼ਹੀਦ ਹੋ ਗਏ ਜਿਹੜੇ ਧਰਤੀ ਫੌਜੀ ਸ਼ਹੀਦ ਹੋ ਗਏ ਉਨ੍ਹਾਂ ਪਰਿਵਾਰਾਂ ਦੇ ਸੀਨਿਆਂ ਤੇ ਪ੍ਰਬੰਧਕ ਕਮੇਟੀ ਦੇ 'ਗੁਰੂ ਪੰਥ ਦੇ ਦਾਸ" ਕਿਹੜੀਆਂ ਸਲੈਬਾਂ ਲਗਾਉਣਗੇ? ਗੁਰੂ ਦੀ ਵਡਿਆਈ ਇਸ ਗੱਲ ਵਿਚ ਨਹੀਂ ਕਿ 10-12 ਮੰਜ਼ਿਲੀਆਂ ਠਾਠਾਂ ਉਸਾਰ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਲਵੋ। ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ ਤਾਂ ਉਸ ਸਮੇਂ ਰਾਸ਼ਟਰਪਤੀ ਭਵਨ ਵਿਚ ਵੀ ਸੀ। ਉਸ ਰਾਸ਼ਟਰਪਤੀ ਭਵਨ 'ਚ ਰਹਿੰਦੇ ਤਿੰਨਾਂ ਸੈਨਾਵਾਂ ਦੇ ਸੈਨਾਪਤੀ ਨੂੰ ਇਹ ਖ਼ਬਰ ਹੀ ਨਹੀਂ ਸੀ ਕਿ ਉਸ ਦੀ ਫੌਜ ਦਰਬਾਰ ਸਾਹਿਬ ਵਿਚ ਕੀ ਕਾਰਵਾਈ ਕਰ ਰਹੀ ਹੈ?

ਦੇਸ਼ ਦਾ ਮੁਖੀ ਪੰਜਾਬੀ ਹੈ। ਉਹ ਵੀ ਪ੍ਰਧਾਨ ਮੰਤਰੀ ਨਿਵਾਸ 'ਚ ਪਾਠ ਵੀ ਕਰਦਾ ਹੋਵੇਗਾ, ਜੋ ਅੱਜ ਕੈਨੇਡਾ ਦੀ ਸਰਕਾਰ 1914 ਦੇ ਕਾਮਾਗਾਟਾ ਮਾਰੂ ਦੁਖਾਂਤ ਲਈ ਮੁਆਫੀ ਮੰਗ ਸਕਦੀ ਹੈ ਤਾਂ ਸਾਡਾ ਆਪਣਾ ਲੋਕਤੰਤਰ 1984 ਦੇ ਕਤਲੇਆਮ 'ਤੇ ਚੁੱਪ ਕਿਉਂ ਹੈ? ਇਹ ਸਵਾਲ ਸਾਡੇ ਮਨਾਂ ਵਿਚ ਚੁੱਭਦੇ ਹਨ। ਸਾਡੇ ਆਗੂਆਂ ਦੀ ਨਾਲਾਇਕੀ ਕਾਰਨ ਅਕਾਲ ਤਖ਼ਤ ਦੀ ਸ਼ਹਾਦਤ ਤੋਂ ਬਾਅਦ ਡੇਰਾਵਾਦ ਪਨਪਿਆ ਹੈ। ਵੋਟਾਂ ਖਾਤਰ ਸਾਡੇ ਇਹ ਨਾਲਾਇਕ ਆਗੂਆਂ ਨੇ ਤਾਂ ਭਨਿਆਰੇ ਵਲੇ ਅੱਗੇ, ਆਸ਼ੂਤੋਸ਼ ਅੱਗੇ ਤੇ ਨਾ ਸੌਦੇ ਵਾਲੇ ਅੱਗੇ ਗੱਲ 'ਚ ਪੱਲੂ ਪਾ ਕੇ ਖੜਦਿਆਂ ਸ਼ਰਮ ਮਹਿਸੂਸ ਕੀਤੀ ਹੈ। ਇਹ ਭੁੱਲ ਗਏ ਹਨ ਕਿ ਜਿਹੜਾ ਸਾਧ ਆਮ ਮਨੁੱਖ ਨਹੀਂ ਬਣ ਸਕਿਆ ਉਹ ਸ਼ਰਬਤ ਪਿਆ ਕੇ 'ਜਾਮ-ਏ-ਇੰਸਾ' ਪਿਲਾ ਕੇ ਇਨਸਾਨ ਬਣਆਉਣ ਦੀ ਫੈਕਟਰੀ ਲਾਈ ਬੈਠਾ ਹੈ। ਕੀ ਸਾਡੇ ਆਗੂਆਂ ਦੇ ਅਜਿਹੇ ਕਿਰਦਾਰ ਅਕਾਲ ਤਖ਼ਤ ਦੀ ਸ਼ੋਭਾ ਵਧਾਉਣਗੇ। ਪਾਠਕੋ ਇਕ ਗੱਲ ਜ਼ਰੂਰ ਮਹਿਸੂਸ ਕਰਨਾ ਕਿ 24 ਸਾਲ ਪਹਿਲਾਂ ਫੌਜੀ ਕਾਰਵਾਈ ਦੌਰਾਨ ਸ਼ਹੀਦ ਹੋਇਆ ਅਕਾਲ ਤਖ਼ਤ ਸਾਡੇ ਚੇਤਿਆ ਦਾ ਨਸੂਰ ਹੈ। ਸਾਨੂੰ ਰੋਹ ਵੀ ਆਉਂਦੇ ਤੇ ਰੋਣਆ ਵੀ ਆਉਂਦੇ-ਰੋਹ ਨੂੰ ਖ਼ਤਮ ਵੀ ਨਾ ਕਰਿਓ ਪਰ ਸਾਡੇ "ਆਗੂਆਂ" ਦੇ ਕਿਰਦਾਰ ਖੁਣੋਂ ਅਕਾਲ ਤਖ਼ਤ ਤੇ ਕੀ ਇੰਨ੍ਹਾਂ ਗੁਰੂ ਸਾਹਿਬ ਦੇ ਫਲਸਫੇ ਦਾ ਅਸੀਂ ਕਿੰਨੀ ਵਾਰ ਮਲਬਾ ਬਣਾਇਆ ਹੈ। ਉਪਰੋਕਤ ਹਕੀਕਤਾਂ ਨੂੰ ਮਹਿਸੂਸ ਕਰਦੇ ਹੋਏ ਜ਼ਰੂਰ ਸੋਚਿਓ ਜੇ ਸਾਨੂੰ ਭਾਰਤ ਦੀ ਫੌਜ ਦੀ ਕਾਰਵਾਈ ਤੇ ਰੰਜਸ਼ ਹੈ ਤਾਂ ਸਾਨੂੰ ਨੀਲੀਆਂ-ਪੀਲੀਆਂ ਬੰਨ੍ਹ ਕੇ ਗੁਰੂ ਪੰਥ ਦੇ ਦਾਸ ਹੋਣ ਦਾਅਵਾ ਕਰਨ ਵਾਲਿਆਂ 'ਤੇ ਵੀ ਰੰਜਸ਼ ਹੈ? ਮਨ ਦੇ ਇਨਸਾਫ਼ ਦੀ ਤੱਕੜੀ ਦੇ ਤਰਾਜੂ 'ਤੇ ਸੱਚ ਜ਼ਰੂਰ ਰੱਖਿਓ। ਗੁਰੂ ਦੀ ਸ਼ਾਨ ਕਿਸੇ ਮੇਲੇ ਵਿਚ 300 ਮੀਟਰ ਦੀ ਪੰਗ ਬੰਨ੍ਹ ਕੇ ਤਮਾਸ਼ਾ ਬਣਨ ਵਿਚ ਨਹੀਂ ਹੈ। ਸ਼ਾਨ ਇਸ ਗੱਲ ਵਿਚ ਹੈ ਕਿ ਪੱਗ ਵਾਲੇ ਸਿਰ ਵਿਚ ਗੁਰੂ ਦੀ ਬਖਸ਼ੀ ਕਿੰਨੀ ਕੁ ਸੁਮੱਤ ਹੈ? ਸਾਕਾ-ਨੀਲਾ ਤਾਰਾ ਨੂੰ ਯਾਦ ਕਰਦਿਆਂ ਅਸੀਂ ਇਨ੍ਹਾਂ ਹਰਫ਼ਾਂ ਰਾਹੀਂ, ਹਕੀਕਤਾਂ ਰਾਹੀਂ ਤੁਹਾਡੇ ਮਨ-ਮਸਤਕ 'ਤੇ ਏਹੀ ਦਸਤਕ ਦੇਣ ਆਏ ਹਾਂ ਕਿ ਅਕਾਲ ਤਖ਼ਤ ਦੀ ਸ਼ਹਾਦਤ ਗੁਰੂ ਸਾਹਿਬ ਦੇ ਸਮੇਂ ਵਾਲੇ ਬੁਲੰਦ ਕਿਰਦਾਰ ਦੀ ਉਸਾਰੀ ਦੀ ਮੰਗ ਕਰਦੀ ਹੈ। ਇਸ ਤੋਂ ਬਿਨ੍ਹਾਂ ਅਸੀਂ ਉਪਰੋਕਤ ਗਲਤੀਆਂ ਤੇ ਘੁੰਮਣ ਘੇਰੀਆਂ ਵਿਚੋਂ ਨਿਕਲ ਸਕਦੇ। ਗੁਰੂ ਘਰ ਦੀ ਕਮੇਟੀ ਤਾਂ ਹਕੂਮਤਾਂ ਨਾਲ ਸਾਂਝ ਪਾ ਕੇ ਪੰਥ ਦੀ ਕੀਤੀ ਸੇਵਾ ਬਦਲਵੇ 'ਲਗਜਰੀ' ਕਾਰਾਂ ਦੀ ਮੁਥਾਹੀ ਹੋ ਗਈ ਹੈ। ਕੀ ਬਾਬਾ ਦੀਪ ਸਿੰਘ ਵਾਂਗਗ ਕਿਸੇ ਜਥੇਦਾਰ ਨੇ ਲੜਾਈ ਕੀਤੀ? ਗੁਰੂ ਸਾਹਿਬਾਨ ਦੇ ਫਲਸਫੇ ਨੂੰ ਵੋਟਾਂ ਦੀ ਲੜਾਈ ਵਿਚ ਨਹੀਂ ਬੰਨ੍ਹਿਆ ਜਾ ਸਕਦਾ।

ਕੀ ਤੁਸੀਂ ਸੋਚਦੇ ਹੋ ਕਿ ਸਾਡੇ ਅਜਿਹੇ ਕਿਰਦਾਰ 'ਤੇ "ਸਾਹਿਬ ਮੇਰਾ ਮਿਹਰਬਾਨ" ਹੈ। ਗੁਰੂ ਖੁਸ਼ ਹੈ? ਇਹ ਲਿਖਦਿਆਂ ਤਾਂ ਇਹ ਮਹਿਸੂਸ ਹੁੰਦਾ ਹੈ ਕਿ "ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੰਗੂ, ਪਾਇ ਵੇ ਲਾਲੋ॥" ਵਾਂਗ ਗੁਰੂ ਨਾਨਕ ਦੇਵ ਜੀ ਨੇ ਹਕੂਮਤਾਂ ਦੇ ਜਜ਼ਬਰ 'ਤੇ ਹੀ ਨਹੀਂ ਸਗੋਂ ਸਾਡੇ ਆਗੂਆਂ ਦੇ ਬਣ ਚੁੱਕੇ ਇਸ ਕਿਰਦਾਰ 'ਤੇ ਵੀ 'ਖੂਨ ਕੇ ਸੋਹਲੇ ਗਾਏ ਹੋਣਗੇ। ਗੁਰੂ ਸਾਹਿਬਾਨ ਦੀਆਂ ਅੱਖਾਂ ਦੇ ਅੱਥਰੂ ਪੂੰਝਣ ਲਈ ਆਪਣੇ ਕਰਮਸ਼ੀਲ ਤੇ ਕਿਰਤੀ ਹੱਥਾਂ ਨੂੰ ਅੱਗੇ ਵਧਾਈਏ। ਇਸੇ ਆਸ ਤੇ ਵਿਸ਼ਵਾਸ ਨਾਲ ਅਕਾਲ ਤਖ਼ਤ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਮਨ ਦੀ ਵੇਤਨਾ ਨਾਲ.....

**-ਗੁਰਮੇਲ ਸਿੰਘ 'ਬੌਡੇ' ਮੁੱਖ ਸੰਪਾਦਕ (ਆਨਰੇਰੀ) ਦਸਤਕ ਕੈਨੇਡਾ**

# ਰਹਿਣੀ ਰਹੈ ਸੋਈ ਸਿੱਖ ਮੇਰਾ

**ਰਹਿਣੀ ਰਹੈ ਸੋਈ ਸਿੱਖ ਮੇਰਾ॥**
**ਉਹ ਸਾਹਿਬ ਮੈਂ ਉਸਕਾ ਚੇਰਾ॥**
**ਰਹਿਤ ਬਿਨਾਂ ਨਾ ਸਿੱਖ ਕਹਾਵੈ॥**
**ਰਹਿਤ ਬਿਨਾਂ ਦਰਿ ਚੋਟਾਂ ਖਾਵੈ॥**

ਸਿੱਖ ਕੌਮ ਦਾ ਆਪਣਾ ਵੱਖਰਾ, ਨਿਆਰਾ ਅਤੇ ਸੁਤੰਤਰ ਮਜ਼ਬ ਹੈ। ਇਸ ਦੀ ਬੁਨਿਆਦ ਪੰਦਰ੍ਹਵੀਂ ਸਦੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਰੱਖੀ ਗਈ ਹੈ। ਗੁਰੂ ਸਾਹਿਬਾਨਾਂ ਨੇ ਆਪਣੇ ਜੀਵਨ ਨੂੰ ਕੁਰਬਾਨ ਕਰ ਦੇ ਇਸ ਲਹਿਰ ਨੂੰ ਨਿਰੰਤਰ ਜਾਰੀ ਜਾਰੀ ਰੱਖਿਆ। ਤਕਰੀਬਨ ਦੋ ਸੌ ਸਾਲ ਦੇ ਵਿਉਂਤਬੱਧ ਵਿਕਾਸ ਤੋਂ ਬਾਅਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਨ 1699 ਈਸਵੀ ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ। ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਦੁਨੀਆ ਨਾਲੋਂ ਵੱਖਰੀ ਕੌਮ ਬਣਾ ਦਿੱਤਾ। ਉਨ੍ਹਾਂ ਨੇ ਖਾਲਸੇ ਲਈ ਪੰਜ ਕਰਾਰ-ਕੰਘਾ, ਕੜਾ, ਕੇਸ, ਕਿਰਪਾਨ ਅਤੇ ਕਛਹਿਰਾ ਜ਼ਰੂਰੀ ਨਿਯਤ ਕੀਤੇ, ਬਿਲਕੁਲ ਉਸੇ ਤਰ੍ਹਾਂ ਇਸ ਤਰ੍ਹਾਂ ਸਕੂਲ ਵਿਚ ਜਾ ਕੇ ਇਕ ਵਿਦਿਆਰਥੀ ਲਈ ਵਰਦੀ ਜ਼ਰੂਰੀ ਹੈ, ਫੌਜ ਵਿਚ ਜਾ ਕੇ ਇਕ ਫੌਜੀ ਲਈ ਵਰਦੀ ਜ਼ਰੂਰੀ ਹੈ ਅਤੇ ਪੁਲਿਸ ਵਿਚ ਜਾ ਕੇ ਇਕ ਸਿਪਾਹੀ ਲਈ ਵਰਦੀ ਜ਼ਰੂਰੀ ਹੈ। ਇਸੇ ਤਰ੍ਹਾਂ ਖਾਲਸਾ ਪੰਥ ਦੀ ਟੀਮ ਦਾ ਮੈਂਬਰ ਬਣਨ ਲਈ ਪੰਜ ਕਕਾਰਾਂ ਦੀ ਵਰਦੀ ਜ਼ਰੂਰੀ ਹੈ। ਇਸ ਦੇ ਨਲਾ ਹੀ ਗੁਰੂ ਸਾਹਿਬਾਂ ਨੇ ਇਕ ਵਿਧਾਨ ਦੀ ਰਚਨਾ ਕੀਤੀ ਜਿਸ ਵਿਚ ਖਾਲਸੇ ਨੂੰ ਇਨ੍ਹਾਂ ਕੁਰਹਿਤਾਂ ਤੋਂ ਵਰਜਿਤ ਕੀਤਾ ਗਿਆ ਜਿਵੇਂ (1) ਕੇਸਾਂ ਦੀ ਬੇਅਦਬੀ ਨਾ ਕਰਨਾ (2) ਨਸ਼ਿਆਂ ਦਾ ਸੇਵਨਾ ਨਾ ਕਰਨਾ (3) ਪਰਾਈ ਇਸਤਰੀ ਦਾ ਸੰਗ ਨਾ ਕਰਨਾ (4) ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ ਕਿਸੇ ਹੋਰ ਦੇਹ ਧਾਰੀ ਮਨੁੱਖ ਦੀ ਪੂਜਾ ਨਾ ਕਰਨਾ (5) ਕੁੱਠਾ ਮਾਸ ਨਾ ਖਾਣਾ। ਇਥੋਂ ਤੱਕ ਕਿ ਗੁਰੂ ਸਾਹਿਬਾਂ ਨੇ ਆਪਣਆਂ ਰਹਿਤਾਂ ਨੂੰ ਸਿੱਖਾਂ ਨਾਲੋਂ ਉੱਤਮ ਦਰਜਾ ਦਿੰਦੇ ਹੋਏ ਕਿਹਾ ਸੀ ਕਿ 'ਰਹਿਤ ਪਿਆਰੀ ਮੁਝ ਕੋ ਸਿੱਖ ਪਿਆਰਾ ਨਾਹਿ।'

**ਜਬ ਲਗ ਖਾਲਸਾ ਰਿਹੈ ਨਿਆਰਾ॥**
**ਤਬ ਲਗ ਤੇਜ ਦੀਉ ਮੈਂ ਸਾਰਾ॥**
**ਜਬ ਇਹ ਰਹੈ ਬਿਪਰਤ ਕੀ ਰੀਤ॥**
**ਮੈਂ ਨਾਂ ਕਰੂੰ ਇਨ ਕੀ ਪਰਤੀਤ॥**

ਇਸ ਤੋਂ ਸਪੱਸ਼ਟ ਹੈ ਕਿ ਜਦੋਂ ਤੱਕ ਮੇਰਾ ਖਾਲਸਾ ਮੇਰੇ ਵਿਧਾਨ ਦਾ ਪਾਲਣ ਕਰੇਗਾ, ਮੇਰੇ ਦਰਸਾਏ ਹੋਏ ਮਾਰਗ 'ਤੇ ਚੱਲੇਗਾ, ਓਨਾ ਚਿਰ ਮੈਂ ਸਿ ਦੇ ਅੰਗ ਸੰਗ ਰਹਾਂਗਾ। ਲੇਕਿਨ ਜਦੋਂ ਮੇਰਾ ਖਾਲਸਾ ਬ੍ਰਾਹਮਣਵਾਦੀ ਵਿਚਾਰਧਾਰਾਂ 'ਤੇ ਚੱਲੇਗਾ ਮੈਂ ਇਸ 'ਤੇ ਵਿਸ਼ਵਾਸ ਨਹੀਂ ਕਰਾਂਗਾ। ਜੋ ਅੱਜ ਕੌਮ ਦੀ ਦੁਰਦਸ਼ਾ ਹੋ ਰਹੀ ਹੈ ਉਹ ਕਿਸੇ ਤੋਂ ਲੁਕੀ ਛਿਪੀ ਨਹੀਂ। ਅੰਮ੍ਰਿਤ ਛਕ ਕੇ ਰਹਿਤ ਰੱਖਣੀ ਹਰ ਸਿੱਖ ਲਈ ਜ਼ਰੂਰੀ ਹੈ। ਪ੍ਰੰਤੂ ਅੱਜ ਅੰਮ੍ਰਿਤ ਅਤੇ ਰਹਿਤ ਵਾਲਾ ਜੀਵਨ ਸਾਨੂੰ ਬੀਤੇ ਸਮੇਂ ਦੀਆਂ ਗੱਲਾਂ ਲੱਗ ਰਹੀਆਂ ਹਨ। ਅੱਜ ਸਾਡੇ ਭੁੱਲੜ ਵੀਰ ਦਾੜ੍ਹੀ ਕੇਸ ਕਤਲ ਕਰਵਾ ਰਹੇ ਹਨ, ਨਸ਼ਿਆਂ ਦਾ ਸੇਵ ਕਰ ਰਹੇ ਹਨ ਸਾਡੀਆਂ ਭੈਣਾਂ ਵਾਲਾ ਦੇ ਤਰ੍ਹਾਂ-ਤਰ੍ਹਾਂ ਦੇ ਫੈਸ਼ਨ ਬਣਵਾ ਰਹੀਆਂ ਹਨ। ਉਹ ਨੰਗਾ ਸਿਰ ਕਰ ਕੇ ਚੱਲਣ ਵਿਚ ਸ਼ਾਨ ਸਮਝਦੀਆਂ ਹਨ। ਐ ਸਿੱਖ ਸਮਾਜ ਦੇ ਵੀਰੋ! ਮੇਰੀਓ ਭੈਣੋ, ਜ਼ਰਾ ਨਿਗ੍ਹਾ ਮਾਰੋ ਇਤਿਹਾਸ ਵੱਲ, ਇਤਿਹਾਸ ਗਵਾਹ ਹੈ ਭਾਈ ਤਾਰੂ ਸਿੰਘ ਜੀ ਦਾ, ਜਿਨ੍ਹਾਂ ਨੇ ਖੋਪਰੀ ਉਤਰਵਾਉਣੀ ਮਨਜੂਰ ਕੀਤੀ, ਪ੍ਰੰਤੂ ਕੇਸ ਕਤਲ ਕਰਵਾਉਣੇ ਮਨਜ਼ੂਰ ਨਾ ਕੀਤੇ। ਇਤਿਹਾਸ ਗਵਾਹ ਹੈ ਭਾਈ ਮਨੀ ਸਿੰਘ ਜੀ ਦਾ ਜਿਨ੍ਹਾਂ ਨੇ ਬੰਦ-ਬੰਦ ਕਟਵਾਉਣੇ ਮਨਜੂਰ ਨਾ ਕੀਤੇ ਪਰ ਧਰਮ ਨਹੀਂ ਹਾਰਿਆ। ਉਨ੍ਹਾਂ ਮਾਵਾਂ ਵੱਲ ਵੇਖੋਂ ਜਿਨ੍ਹਾਂ ਨੇ ਆਪਣੇ ਬੱਚਿਆਂ, ਜਿਗਰ ਦੇ ਟੋਟਿਆਂ ਨੂੰ ਟੁਕੜੇ-ਟੁਕੜੇ ਕਰਵਾ ਕੇ ਆਪਣੀਆਂ ਝੋਲੀਆਂ ਵਿਚ ਪਵਾਇਆ ਅਤੇ ਉਨ੍ਹਾਂ ਦੇ ਪਿੰਜਰਾਂ ਦੇ ਹਾਰਾਂ ਨੂੰ ਆਪਣੇ ਗਲ੍ਹਾਂ ਵਿਚ ਪਵਾਉਣਾ ਮਨਜ਼ੂਰ ਕੀਤਾ ਪ੍ਰੰਤੂ ਧਰਮ ਤੋਂ ਨਾ ਹਾਰੀਆਂ, ਪ੍ਰੰਤੂ ਅੱਜ ਤੁਸੀਂ ਬਿਨਾਂ ਕਿਸੇ ਕਾਰਨ ਤੋਂ ਹੀ ਸਿੱਖੀ ਵੱਲੋਂ ਮੁੱਖ ਮੋੜ ਦੇ ਰਹੇ ਹੋ, ਕਿਉਂ? ਜਦੋਂ ਅਸੀਂ ਬਾਹਰਲੇ ਦੇਸਾਂ ਵੱਲ ਨਜ਼ਰ ਮਾਰਦੇ ਹਾਂ ਤਾਂ ਸੰਗਾਰ ਭਰ ਵੀ ਕੇਂਦਰੀ ਜਮਾਤ ਯੂ.ਐਨ.ਓ. ਨੂੰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਤਰਜਮਾ ਕਈ ਹੋਰ ਬੋਲੀਆਂ ਵਿਚ ਛਪਵਾਇਆ। ਇਸ ਦੇ ਤਿਆਰ ਹੋਣ ਤੇ ਕਿਸ ਦਾ ਮੁੱਖ ਬੰਧ ਲਿਖਣ ਲਈ ਅਮਰੀਕਾ ਦੇ ਪ੍ਰਸਿੱਧ ਖੋਜੀ ਇਤਿਹਾਸਕਾਰ ਡਿਆਨਬੀ ਨੂੰ ਚੁਣਿਆ ਗਿਆ। ਯਾਦ ਰਹੇ ਕਿ ਇਹ ਮਹਾਨ ਵਿਦਵਾਨ ਖੋਜੀ ਵੀਹਵੀਂ ਸਦੀ ਦਾ ਇਕੋ-ਇਕ ਹਰਮਨ ਪਿਆਰਾ ਲਿਖਾਰੀ ਸੀ, ਜਿਸ ਨੇ ਸਾਰੀ ਮਨੁੱਖਤਾ ਦਾ ਇਤਿਹਾਸ 20 ਜਿਲਦਾਂ ਵਿਚ ਲਿਖਿਆ ਹੈ।

ਇਕ ਵਾਰ ਇਕ ਅਮਰੀਕਨ ਔਰਤ ਨੇ ਮਿਸਟਰ ਡਿਆਨਬੀ ਨੂੰ ਪੁੱਛਿਆ ਕਿ ਤੁਸੀਂ ਸਾਰੇ ਸੰਸਾਰ ਦੇ ਲੋਕਾਂ ਬਾਰੇ ਲਿਖਿਆ ਹੈ। ਹਰੇਕ ਫਿਰਕੇ ਤੇ ਹਰੇਕ ਜਾਤ ਦੇ ਬੰਦੇ ਨੂੰ ਮਿਲੇ ਹੋ, ਉਨ੍ਹਾਂ ਦੇ ਰੀਤੀ ਰਿਵਾਜ਼ਾਂ ਅਤੇ ਹੋਰ ਧਾਰਮਿਕ ਫਲਸਫਿਆਂ ਨੂੰ ਜਾਣਿਆ, ਸਮਝਿਆ ਅਤੇ ਸੋਚ ਵਿਚਾਰ ਕੇ ਲਿਖਿਆ ਹੈ। ਇਸ ਤਜ਼ਰਬੇ ਦੇ ਆਧਾਰ 'ਤੇ ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਦੁਨੀਆ ਵਿਚ ਸਭ ਤੋਂ ਸੋਹਣਾ ਮਨੁੱਖ ਕੌਣ ਹੈ ਤਾਂ ਮਿਸਟਰ ਡਿਆਨਬੀ ਨੇ ਪਟੱਕ ਜਵਾਬ ਦਿੱਤਾ, "ਖੁੱਲ੍ਹੀ ਦਾੜ੍ਹੀ ਵਾਲਾ ਪੂਰਨ ਗੁਰੂ ਸਿੱਖ।" ਉਹ ਔਰਤ ਡਿਆਨਬੀ ਦਾ ਇਹ ਉੱਤਰ ਸੁਣ ਕੇ ਹੈਰਾਨ ਰਹਿ ਗਈ ਅਤੇ ਫਟਾਫਟ ਦੂਸਰਾ ਸਵਾਲ ਕਰਦਿਆਂ ਇਹ ਪੁੱਛਿਆ ਕਿ ਇਹ ਵੀ ਦੱਸ ਦਿਉ ਕਿ ਦੁਨੀਆਂ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ? ਤਾਂ ਮਿਸਟਰ ਬਿਆਨਬੀ ਨੇ ਪਹਿਲੇ ਉੱਤਰ ਵਿਚ ਕੁਝ ਤਬਦੀਲੀ ਕਰਦਿਆਂ ਕਿਹਾ, "ਉਹ ਸਿੱਖ ਜਿਸਨੇ ਕੇਸ ਦਾੜ੍ਹੀ ਮੁੰਨੀ ਹੋਈ ਹੈ।"

ਸਿੱਖੀ ਦਾ ਸੂਰਜ ਜੋ ਕਦੇ ਅਸਮਾਨ ਦੀਆਂ ਬੁਲੰਦੀਆਂ ਨੂੰ ਛੂੰਹਦ ਸੀ ਅਤੇ ਪਤਾ ਲੱਗਦਾ ਸੀ ਕਿ ਇਹ ਸੰਸਾਰ ਲਈ ਚਾਨਣ ਮੁਨਾਰਾ ਬਣੇਗਾ, ਆਪਣੀ ਮਾਤ ਭੂਮੀ ਵਿਚੋਂ ਵੀ ਅਸਤ ਹੁੰਦਾ ਜਾ ਰਿਹਾ ਹੈ। ਰਸਾਤਲ ਦੀ ਡੂੰਘੀ ਖੱਡ ਵਿਚ ਧਸਦਾ ਜਾ ਰਿਹਾ ਹੈ। ਜੋ ਅੱਜ ਮੈਂ ਅਪੀਲ ਕਰਦਾ ਹਾਂ ਕਿ ਸਿੱਖ ਸਭਾ ਸੁਸਾਇਟੀਆਂ ਨੂੰ ਸਿੱਖ ਸੰਪਰਦਾਵਾਂ ਨੂੰ ਸਿੱਖ ਪੰਥ ਦੇ ਲੀਡਰਾਂ ਨੂੰ ਕਿ ਪੰਥਕ ਲੀਡਰੋ ਅੱਜ ਗੁਰਦੁਆਰਿਆਂ ਨੂੰ ਸੰਗਮਰਮਰ ਬਹੁਤ ਲੱਗ ਚੁੱਕੀ ਹੈ। ਅੱਜ ਅੱਜ ਓਨੀ ਲੋੜ ਗੁਰਦੁਆਰਿਆਂ ਨੂੰ ਸੁਆਰਨ ਦੀ ਨਹੀਂ ਜਿੰਨੀ ਉਨ੍ਹਾਂ ਲੋਕਾਂ ਦੇ ਮੂੰਹ ਮੱਥੇ ਸਵਾਰਨ ਦੀ ਹੈ ਜਿਹੜੇ ਸਿੱਖ ਨੂੰ ਤਿਲਾਂਜਲੀ ਦੇ ਚੁੱਕੇ ਹਨ ਤਾਂ ਹੀ ਤਾਂ ਗੁਰੂ ਜੀ ਦਾ ਫੁਰਮਾਨ ਹੈ-

**ਰਹਿਣੀ ਰਹੈ ਸੋਈ ਸਿੱਖ ਮੇਰਾ॥**
**ਉਹ ਸਾਹਿਬ ਮੈ ਉਸਕਾ ਚੇਰਾ॥**

**-ਭਾਈ ਸਤਪਾਲ ਸਿੰਘ ਪਦਮ,**
**ਪਿੰਡ-ਫਤਹਿਗੜ੍ਹ ਪੰਜਤੂਰ, ਜ਼ਿਲ੍ਹਾ ਮੋਗਾ**
**ਫੋਨ-94631-06668**